

# ਖੇਤੀਬਾੜੀ ਵਿਭਾਗ

ਇਹ ਦਫ਼ਤਰ ਡੀ.ਏ.ਵੀ. ਕਾਲਜ ਦੇ ਨੇੜੇ ਸਥਿਤ ਹੈ, ਜਿਸ ਦਾ ਮੁੱਖੀ ਮੁੱਖ ਖੇਤੀਬਾੜੀ ਅਫ਼ਸਰ ਹੈ।

**ਖੇਤੀਬਾੜੀ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ**

1. **ਭੋਂ ਪਰਖ ਲਬਾਰਟਰੀਆਂ**

ਖੇਤੀਬਾੜੀ ਵਿਭਾਗ ਵੱਲੋਂ ਜ਼ਿਲ੍ਹੇ ਵਿੱਚ ਪੰਜ ਭੋਂ ਪਰਖ ਲਬਾਰਟਰੀਆਂ ਚਲਾਈਆਂ ਜਾ ਰਹੀਆਂ ਹਨ, ਜਿਹਨਾਂ ਵਿੱਚ ਕਿਸਾਨਾਂ ਦੇ ਖੇਤਾਂ ਦੀ ਮਿੱਟੀ ਦੇ ਸੈਂਪਲ ਇੱਕ ਰੁਪਿਆ ਕੀਮਤ ਤੇ ਟੈਸਟ ਕੀਤੇ ਜਾਂਦੇ ਹਨ। ਕਿਸਾਨਾਂ ਨੂੰ ਭੋਂ ਪਰਖ ਰਿਪੋਰਟ ਦੇ ਅਧਾਰ ਤੇ ਖਾਦ ਪਾਉਣ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਹਰੇਕ ਲਬਾਰਟਰੀ ਜ਼ਿਲ੍ਹੇ ਵਿੱਚ ਹਰ ਸਾਲ 25 ਪਿੰਡਾਂ ਦੀ ਚੋਣ ਕਰਦੀ ਹੈ ਅਤੇ ਇਹਨਾਂ ਪਿੰਡਾਂ ਦੇ ਸੈਂਪਲ ਮੁਫ਼ਤ ਟੈਸਟ ਕੀਤੇ ਜਾਂਦੇ ਹਨ।

2. **ਬੀ-ਕੀਪਿੰਗ ਸਕੀਮ**

ਖੇਤੀਬਾੜੀ ਵਿਭਾਗ ਵੱਲੋਂ ਜ਼ਿਲ੍ਹੇ ਵਿੱਚ ਬੀ-ਕੀਪਿੰਗ ਸਕੀਮ ਚਲਾਈ ਜਾ ਰਹੀ ਹੈ। ਇਸ ਸਕੀਮ ਅਧੀਨ ਕਿਸਾਨਾਂ ਨੂੰ ਮਧੂ ਮੱਖੀ ਪਾਲਣ ਸਬੰਧਈ ਹਫਤੇ ਦੀ ਮੁਫਤ ਟਰੇਨਿੰਗ ਦਿੱਤੀ ਜਾਂਦੀ ਹੈ। ਇਹ ਇੱਕ ਲਾਹੇਵੰਦ ਧੰਦਾ ਹੈ, ਜੋ ਕਿਸਾਨ ਸਿਖਲਾਈ ਉਪਰੰਤ ਬਹੁਤ ਥੋੜੀ ਲਾਗਤ ਨਾਲ ਚਲਾ ਕੇ ਚੰਗੀ ਆਮਦਨ ਲਈ ਜਾ ਸਕਦੀ ਹੈ। ਕੋਈ ਵੀ ਜ਼ਿਮੀਦਾਰ/ਬੇਰੁਜ਼ਗਾਰ ਨੌਜਵਾਨ ਇਹ ਟਰੇਨਿੰਗ ਮੁੱਖ ਖੇਤੀਬਾੜੀ ਅਫ਼ਸਰ/ਬਲਾਕ ਖੇਤੀਬਾੜੀ ਅਫ਼ਸਰ ਦੇ ਦਫ਼ਤਰ ਵਿੱਚੋਂ ਮਹਿਕਮੇ ਵਲੋਂ ਨਿਸ਼ਚਿਤ ਕੀਤੀਆਂ ਤਰੀਕਾਂ ਤੇ ਲੈ ਸਕਦਾ ਹੈ।

3. **ਆਈ.ਸੀ.ਡੀ.ਪੀ.**

ਕਿਸਾਨਾਂ ਨੂੰ ਇਸ ਸਕੀਮ ਅਧੀਨ ਕਣਕ ਦਾ ਬੀਜ 200/- ਰੁਪਏ ਪ੍ਰਤੀ ਕੁਇੰਟਲ ਸਬਸਿਡੀ ਤੇ ਦਿੱਤਾ ਜਾਂਦਾ ਹੈ। ਵਿਭਾਗ ਦੇ ਮੁੱਖ ਦਫ਼ਤਰ/ਬਲਾਕ ਖੇਤੀਬਾੜੀ ਅਫ਼ਸਰ ਦੇ ਦਫ਼ਤਰ/ਖੇਤੀਬਾੜੀ ਵਿਕਾਸ ਅਫ਼ਸਰ ਦੇ ਦਫ਼ਤਰ ਤੋਂ ਇਹ ਬੀਜ ਮਿਲ ਸਕਦਾ ਹੈ। ਕੋਈ ਵੀ ਜ਼ਿਮੀਂਦਾਰ 5 ਥੈਲੀਆਂ 40 ਕਿਲੋ ਹਰੇਕ ਇਹ ਬੀਜ ਇਹਨਾਂ ਸੰਬੰਧਤ ਦਫ਼ਤਰਾਂ ਤੋਂ ਲੈ ਸਕਦਾ ਹੈ।

4. **ਓ.ਪੀ.ਪੀ. ਸਕੀਮ**

ਵਿਭਾਗ ਵਲੋਂ ਇਸ ਸਕੀਮ ਅਧੀਨ ਤੇਲਬੀਜ ਦੀਆਂ ਮਿਨੀ ਕਿੱਟ ਪਲਾਟ ਅਤੇ ਪ੍ਰਦਰਸ਼ਨੀ ਪਲਾਟ ਲਗਾਉਣ ਲਈ ਮਹਿਕਮੇ ਦੇ ਮੁੱਖ ਖੇਤੀਬਾੜੀ ਅਫ਼ਸਰ/ਬਲਾਕ/ਫੋਕਲ ਪੁਆਇੰਟ ਤੇ ਸਥਿਤ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ।

5. **ਟਿਊਬਵੈਲ ਸੈਕਸ਼ਨ**

ਇਸ ਸੈਕਸ਼ਨ ਵਲੋਂ ਜ਼ਿਲ੍ਹੇ ਵਿੱਚ ਟਿਊਬਵੈਲ ਡਰਿਲਿੰਗ ਦਾ ਕੰਮ ਕੀਤਾ ਜਾਂਦਾ ਹੈ। ਇਹ ਟਿਊਬਵੈਲ ਡਰਿਲਿੰਗ ਦਾ ਕੰਮ ਮਹਿਕਮਾ ਨਿਸ਼ਚਿਤ ਦਰਾਂ ਤੇ ਕਰਦਾ ਹੈ। ਇਸ ਦਫਤਰ ਵੱਲੋਂ ਹੈਂਡ ਬੋਰਿੰਗ ਸੈਟ, ਡਰਿਲਿੰਗ ਰਿੱਗ ਮਸ਼ੀਨ ਅਤੇ ਏਅਰ ਕੰਪਰੈਸ਼ਰ ਵਾਜਬ ਦਰਾਂ ਤੇ ਬੋਰ ਕਰਨ ਅਤੇ ਬੋਰ ਸਾਫ ਕਰਨ ਲਈ ਉਪਲੱਬਧ ਹਨ।

6. **ਬਾਇਓਗੈਸ**

ਖੇਤੀਬਾੜੀ ਵਿਭਾਗ ਵਲੋਂ ਕਿਸਾਨਾਂ ਨੂੰ ਬਾਇਓਗੈਸ ਪਲਾਂਟ ਲਗਾਉਣ ਵਾਸਤੇ ਤਕਨੀਕੀ ਜਾਣਕਾਰੀ ਦਿੱਤੀ ਜਾਂਦੀ ਹੈ। ਇੱਕ ਬਾਇਓਗੈਸ ਪਲਾਂਟ ਲਗਾਉਣ ਤੇ ਲੱਗਭੱਗ 10000/- ਰੁਪਏ ਦਾ ਖ਼ਰਚ ਕਿਸਾਨ ਵੱਲੋਂ ਕੀਤਾ ਜਾਂਦਾ ਹੈ। ਜ਼ਿਮੀਂਦਾਰ ਬਾਇਓਗੈਸ ਪਲਾਂਟ ਲਗਵਾਉਣ ਵਾਸਤੇ ਸੰਬੰਧਤ ਮੁੱਖ ਖੇਤੀਬਾੜੀ ਅਫ਼ਸਰ/ਬਲਾਕ

ਖੇਤੀਬਾੜੀ ਅਫ਼ਸਰ/ਖੇਤੀਬਾੜੀ ਵਿਕਾਸ ਅਫ਼ਸਰ ਨਾਲ ਸੰਪਰਕ ਕਰ ਸਕਦਾ ਹੈ।

**7. ਕੁਆਲਟੀ ਕੰਟਰੋਲ**

ਕਿਸਾਨਾਂ ਨੂੰ ਉਚ ਮਿਆਰ ਦੀਆਂ ਖਾਦਾਂ, ਬੀਜ ਅਤੇ ਦਵਾਈਆਂ ਉਪਲੱਬਧ ਕਰਾਉਣ ਲਈ ਡੀਲਰਾਂ ਦੇ ਸੈਂਪਲ ਭਰੇ ਜਾਂਦੇ ਹਨ। ਇਸ ਲਈ ਸਾਉਣੀ ਅਤੇ ਹਾੜ੍ਹੀ ਦੌਰਾਨ ਵਿਸ਼ੇਸ਼ ਮੁਹਿੰਮ ਚਲਾਈ ਜਾਂਦੀ ਹੈ ਅਤੇ ਜਿਹਨਾਂ ਡੀਲਰਾਂ ਦੇ ਸੈਂਪਲ ਫੇਲ੍ਹ ਹੁੰਦੇ ਹਨ, ਉਹਨਾਂ ਦੇ ਲਾਇਸੈਂਸ ਰੱਦ ਕਰਕੇ ਉਹਨਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ।

**8. ਕੰਟਰੈਕਟ ਫਾਰਮਿੰਗ**

ਖੇਤੀਬਾੜੀ ਵਿਭਾਗ ਵੱਲੋਂ ਖੇਤੀਬਾੜੀ ਵਿੱਚ ਵਿਭਿੰਨਤਾ ਲਿਆਉਣ ਲਈ ਝੋਨੇ ਕਨਕ ਦੇ ਫਸਲੀ ਚੱਕਰ ਬਦਲਣ ਲਈ ਪੰਜਾਬ ਫੂਡ ਗਰੇਨ ਕਾਰਪੋਰੇਸ਼ਨ ਦੀ ਮਦਦ ਨਾਲ ਕੰਟਰੈਕਟ ਫਾਰਮਿੰਗ ਸ਼ੁਰੂ ਕੀਤੀ ਗਈ ਹੈ। ਕੰਟਰੈਕਟ ਫਾਰਮਿੰਗ ਲਈ ਕੋਈ ਵੀ ਕਿਸਾਨ ਖੇਤੀਬਾੜੀ ਮਹਿਕਮੇ ਦੇ ਦਫ਼ਤਰ ਜਾਂ ਪੰਜਾਬ ਫੂਡ ਗਰੇਨ ਕਾਰਪੋਰੇਸ਼ਨ ਦੇ ਦਫ਼ਤਰ ਤੋਂ ਜਾਣਕਾਰੀ ਲੈ ਸਕਦਾ ਹੈ।

**9. ਵਰਮੀ ਕੰਪੋਸਟ**

ਵਰਮੀ ਕੰਪੋਸਟ ਬਨਾਉਣ ਵਾਸਤੇ ਕਿਸਾਨਾਂ/ਬੇਰੁਜ਼ਗਾਰ ਨੌਜਵਾਨ ਨੂੰ ਮਹਿਕਮੇ ਵੱਲੋਂ ਟਰੇਨਿੰਗ ਸਮੇਂ-ਸਮੇਂ ਤੇ ਨਿਰਧਾਰਤ ਤਰੀਕਾਂ ਤੇ ਮੁਫ਼ਤ ਟਰੇਨਿੰਗ ਦਿੱਤੀ ਜਾਂਦੀ ਹੈ। ਵਰਮੀ ਕੰਪੋਸਟ ਸ਼ੈਡ ਜ਼ਿਮੀਂਦਾਰ ਵਲੋਂ ਆਪਣੇ ਤੌਰ ਤੇ 15000/- ਰੁਪਏ ਦੇ ਖ਼ਰਚ ਤੇ ਬਨਾਉਣਾ ਹੁੰਦਾ ਹੈ। ਇਹ ਟਰੇਨਿੰਗ ਲਈ ਮਹਿਕਮੇ ਦੇ ਸੰਬੰਧਤ ਮੁੱਖ ਖੇਤੀਬਾੜੀ ਅਫ਼ਸਰ/ਬਲਾਕ ਖੇਤੀਬਾੜੀ ਅਫ਼ਸਰ/ਖੇਤੀਬਾੜੀ ਵਿਕਾਸ ਅਫ਼ਸਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**10. ਗਰਾਊਂਡ ਸਪਰੇ ਸਕੀਮ**

ਇਸ ਸਕੀਮ ਅਧੀਨ ਮਿਆਰੀ ਕੀੜੇਮਾਰ ਜ਼ਹਿਰਾਂ/ਨਦੀਨ ਨਾਸ਼ਕ ਦਵਾਈਆਂ ਮਹਿਕਮੇ ਦੇ ਸਬੰਧਤ ਦਫ਼ਤਰਾਂ ਵਿੱਚੋਂ ਵਾਜਬ ਰੇਟਾਂ ਤੇ ਮਿਲਦੀਆਂ ਹਨ।ਕੋਈ ਵੀ ਜ਼ਿਮੀਂਦਾਰ ਇਹ ਦਵਾਈ ਮਹਿਕਮੇ ਦੇ ਦਫ਼ਤਰ ਤੋਂ ਪ੍ਰਾਪਤ ਕਰ ਸਕਦਾ ਹੈ।

**11. ਮਾਈਕਰੋ ਮੈਨੇਜਮੈਂਟ**

ਇਸ ਸਕੀਮ ਅਧੀਨ ਚੁਣਵੇਂ ਖੇਤੀਬਾੜੀ ਸੰਦ ਜ਼ਿਮੀਂਦਾਰਾਂ ਨੂੰ ਉਪਦਾਨ ਤੇ ਦਿੱਤੇ ਜਾਂਦੇ ਹਨ। ਕੋਈ ਵੀ ਜ਼ਿਮੀਂਦਾਰ ਮਹਿਕਮੇ ਵਿਚੋਂ ਸੰਬੰਧਤ ਦਫ਼ਤਰ ਨਾਲ ਖੇਤੀਬਾੜੀ ਸੰਦ ਲੈਣ ਲਈ ਸੰਪਰਕ ਕਰ ਸਕਦਾ ਹੈ।

**12. ਇਨਟੈਨਸੀਫਿਕੇਸ਼ਨ ਆਫ ਪਲਾਂਟ ਪ੍ਰੋਟਕਸ਼ਨ**

ਇਸ ਸਕੀਮ ਅਧੀਨ ਚੂਹੇ ਮਾਰ ਦਵਾਈ ਕੋਈ ਵੀ ਕਿਸਾਨ ਮਹਿਕਮੇ ਦੇ ਸੰਬੰਧਤ ਦਫ਼ਤਰ ਵਿੱਚੋਂ ਮੁਫ਼ਤ ਪ੍ਰਾਪਤ ਕਰ ਸਕਦਾ ਹੈ।

**13. ਪੈਸਟ ਐਂਡ ਵੀਡ ਮੈਨੇਜਮੈਂਟ**

ਇਸ ਸਕੀਮ ਅਧੀਨ ਛੋਟੇ ਕਿਸਾਨਾਂ ਨੂੰ ਸਪਰੇਅ ਪੰਪ ਸਬਸਿਡੀ ਤੇ ਦਿੱਤੇ ਜਾਂਦੇ ਹਨ।ਛੋਟੇ ਕਿਸਾਨ ਇਹ ਪੰਪ ਪ੍ਰਾਪਤ ਕਰਨ ਲਈ ਮਹਿਕਮੇ ਦੇ ਸੰਬੰਧਤ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ।

**14. ਕੱਲਰ ਸੁਧਾਰ ਸਕੀਮ**

ਇਸ ਸਕੀਮ ਅਧੀਨ ਕਿਸਾਨਾਂ ਨੂੰ ਜਿਪਸਮ ਕੱਲਰ ਸੁਧਾਰ ਕਰਨ ਵਾਸਤੇ 25 ਪ੍ਰਤੀਸ਼ਤ ਸਬਸਿਡੀ ਤੇ ਦਿੱਤਾ ਜਾਂਦਾ ਹੈ।ਕੋਈ ਵੀ ਕਿਸਾਨ ਆਪਣੇ ਕੱਲਰ ਪਰਭਾਵਤ ਖੇਤਾਂ ਦੀ ਮਿੱਟੀ ਟੈਸਟ ਕਰਵਾਉਣ ਉਪਰੰਤ ਦੱਸੀ ਗਈ ਜਿਪਸਮ ਦੀ ਮਿਕਦਾਰ, ਖੇਤੀਬਾੜੀ ਵਿਭਾਗ ਦੇ ਸੰਬੰਧਤ ਦਫ਼ਤਰ ਤੋਂ ਪਰਮਿਟ ਪ੍ਰਾਪਤ ਕਰਨ ਉਪਰੰਤ ਮਹਿਕਮੇ ਵਲੋਂ ਬਣਾਏ ਗਏ ਡੀਲਰਾਂ ਤੋਂ 25 ਪ੍ਰਤੀਸ਼ਤ ਸਬਸਿਡੀ ਤੇ ਪ੍ਰਾਪਤ ਕਰ ਸਕਦਾ ਹੈ।